## ਸ਼੍ਰੇਣੀ ਚੌਥੀ
## ਪੰਜਾਬੀ (ਪਹਿਲੀ ਭਾਸ਼ਾ)

### ਉਦੇਸ਼

**1. ਪੜ੍ਹਨਾ**

(ੳ) ਵਿਦਿਆਰਥੀ ਪੰਜਾਬੀ ਦੀਆਂ ਸਰਲ ਕਹਾਣੀਆਂ, ਕਵਿਤਾਵਾਂ, ਲੇਖ ਆਦਿ ਪੜ੍ਹ ਸਕੇ ।

(ਅ) ਪੰਜਾਬੀ ਦੇ ਅਖ਼ਬਾਰ, ਬਾਲ-ਰਿਸਾਲੇ, ਇਸ਼ਤਿਹਾਰ, ਚਿੱਠੀ-ਪੱਤਰ ਆਦਿ ਪੜ੍ਹ ਸਕੇ ।

(ੲ) ਵਿਸਰਾਮ-ਚਿੰਨ੍ਹਾਂ ਅਨੁਸਾਰ ਸਹੀ ਉਚਾਰਨ ਅਤੇ ਢੁਕਵੇਂ ਲਹਿਜੇ ਨਾਲ਼, ਪਾਠ-ਪੁਸਤਕ ਵਿੱਚੋਂ ਵਾਰਤਕ 'ਤੇ ਕਵਿਤਾ ਦੇ ਪਾਠਾਂ ਨੂੰ ਬੋਲ ਕੇ ਪੜ੍ਹ ਸਕੇ ।

(ਸ) ਚੁੱਪ-ਚਾਪ ਲੁੜੀਂਦੀ ਗਤੀ ਨਾਲ਼ ਪੜ੍ਹ ਸਕੇ ।

**2. ਗ੍ਰਹਿਣ ਕਰਨਾ**

(i) ਸੁਣ ਕੇ

(ੳ) ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਪਾਠਾਂ ਨੂੰ ਸੁਣ ਕੇ ਸਮਝ ਸਕੇ ।

(ਅ) ਸ਼੍ਰੇਣੀ ਵਿੱਚ ਅਧਿਆਪਕ ਦੀ ਦਿੱਤੀ ਸੰਥਿਆ ਨੂੰ ਸਮਝ ਸਕੇ ।

(ੲ) ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਸੁਣਾਏ ਚੁਟਕਲੇ, ਕਹਾਣੀਆਂ ਆਦਿ ਨੂੰ ਸੁਣ ਕੇ ਸਮਝ ਅਤੇ ਸਲਾਹ ਸਕੇ ।

(ਸ) ਟੈਲੀਵੀਜ਼ਨ ਅਤੇ ਰੇਡੀਓ ਤੋਂ ਪ੍ਰਸਾਰਿਤ ਬੱਚਿਆਂ ਦੇ ਵੇਖੇ, ਸੁਣੇ ਪ੍ਰੋਗ੍ਰਾਮਾਂ ਨੂੰ ਸਮਝ ਸਕੇ ।

(ਹ) ਕਿਸੇ ਦਾ ਬੋਲਿਆ ਸੁਣ ਕੇ ਉਸ ਵਿਚਲੇ ਵਿਅੰਗ ਅਤੇ ਪ੍ਰਗਟਾਏ ਭਾਵਾਂ ਨੂੰ ਸਮਝ ਸਕੇ ।

(ii) ਪੜ੍ਹ ਕੇ

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੀਆਂ ਕਹਾਣੀਆਂ ਨੂੰ ਪੜ੍ਹ ਕੇ ਉਹਨਾਂ ਦੇ ਘਟਨਾ-ਕ੍ਰਮ ਨੂੰ ਸਮਝ ਸਕੇ ।

(ਅ) ਉਹ ਆਪਣੀ ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਵਿਚਲੇ ਭਾਵ ਨੂੰ ਗ੍ਰਹਿਣ ਕਰ ਸਕੇ ।

(ੲ) ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਸੰਬੰਧੀ ਪੁੱਛੇ ਗਏ ਸਧਾਰਨ ਸਵਾਲਾਂ ਦੇ ਉੱਤਰ ਦੇਣ ਦੇ ਯੋਗ ਹੋ ਸਕੇ ।

(ਸ) ਕਿਸੇ ਨੋਟਿਸ, ਇਸ਼ਤਿਹਾਰ ਆਦਿ ਨੂੰ ਪੜ੍ਹ ਕੇ ਸਮਝ ਸਕੇ।

(ਹ) ਵਿਸਰਾਮ-ਚਿੰਨ੍ਹਾਂ ਨੂੰ ਸਮਝਦੇ ਹੋਏ, ਲਿਖਤ ਵਿੱਚ ਪ੍ਰਗਟਾਏ ਹੈਰਾਨੀ ਅਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ।

**3. ਪ੍ਰਗਟਾਅ**

(i) ਮੌਖਿਕ

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੇ ਪੜ੍ਹੇ ਪਾਠਾਂ ਬਾਰੇ ਨਿੱਕੇ ਅਤੇ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ ।

(ਅ) ਪੜ੍ਹੀ ਜਾਂ ਸੁਣੀ ਹੋਈ ਕਹਾਣੀ ਜਾਂ ਘਟਨਾ ਨੂੰ ਆਪਣੇ ਸ਼ਬਦਾ ਵਿੱਚ ਸੁਣਾ ਸਕੇ।

(ੲ) ਆਪਣੇ ਸਾਥੀ ਵਿਦਿਆਰਥੀਆਂ ਨਾਲ਼ ਬਿਨਾਂ ਝਿਜਕ ਗੱਲ-ਬਾਤ ਕਰ ਸਕੇ ।

(ਸ) ਆਪਣੀ ਪਾਠ-ਪੁਸਤਕ ਵਿੱਚੋਂ ਕੋਈ ਕਵਿਤਾ ਜਾਂ ਗੀਤ ਸੁਣਾ ਸਕੇ ।

(ਹ) ਸਕੂਲ-ਸਭਾ ਵਿੱਚ ਕੋਈ ਦਿਲਚਸਪ ਗੱਲ, ਘਟਨਾ ਜਾਂ ਕਹਾਣੀ ਸੁਣਾ ਸਕੇ ।

(ii) ਲਿਖਤੀ

(ੳ) ਵਿਦਿਆਰਥੀ ਪਾਠ-ਅਭਿਆਸਾਂ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ ।

(ਅ) ਢੁਕਵੇਂ ਸ਼ਬਦ ਚੁਣ ਕੇ ਵਾਕਾਂ ਵਿਚਲੀਆਂ ਖ਼ਾਲੀ ਥਾਂਵਾਂ ਭਰ ਸਕੇ ।

(ੲ) ਸ਼ਬਦਾਂ, ਵਾਕਾਂ ਅਤੇ ਪੈਰਿਆਂ ਨੂੰ ਸੁਣ ਕੇ ਸ਼ਬਦ-ਜੋੜਾਂ ਪੱਖੋਂ ਸ਼ੁੱਧ ਲਿਖ ਸਕੇ ।

(ਸ) ਲਿਖਣ ਵੇਲ਼ੇ ਪੂਰਨ-ਵਿਸਰਾਮ, ਕਾਮਾ, ਪ੍ਰਸ਼ਨਵਾਚਕ-ਚਿੰਨ੍ਹ ਅਤੇ ਪੁੱਠੇ-ਸਿਧੇ ਕਾਮਿਆਂ ਦੀ ਢੁਕਵੀਂ ਵਰਤੋਂ ਕਰਨ ਦੇ ਯੋਗ ਹੋ ਸਕੇ ।

(ਹ) ਪਾਠ-ਪੁਸਤਕ ਵਿੱਚੋਂ ਕਿਸੇ ਦਿਲਚਸਪ ਲੇਖ ਜਾਂ ਕਹਾਣੀ ਨੂੰ ਸਰਲ ਕਰ ਕੇ ਆਪਣੇ ਸ਼ਬਦਾਂ ਵਿੱਚ ਲਿਖ ਸਕੇ ।

(ਕ) ਪਾਠ-ਪੁਸਤਕ ਵਿੱਚੋਂ ਮੁਹਾਵਰੇ ਚੁਣ ਕੇ ਉਹਨਾਂ ਦੀ ਵਾਕਾਂ ਵਿੱਚ ਵਰਤੋਂ ਕਰ ਸਕੇ ।

(ਖ) ਆਪਣੀ ਲੋੜ ਜਾਂ ਦਿਲਚਸਪੀ ਦੀ ਕੋਈ ਚੀਜ਼ ਨੋਟ ਕਰ ਸਕੇ ।

**4. ਲਿਖਤ ਰਚਨਾ**

ੳ) ਵਿਦਿਆਰਥੀ ਆਪਣੇ ਅਨੁਭਵ ਅਨੁਸਾਰ ਹੇਠ ਲਿਖੇ ਵਿਸ਼ਿਆ ਬਾਰੇ 10-15 ਵਾਕ ਲਿਖ ਸਕੇ ।
ਜਿਵੇਂ : ਮੇਰੀ ਕਿਤਾਬ, ਸਾਡਾ ਪਿਡ/ਸ਼ਹਿਰ, ਕਿਸੇ ਵੀ ਪਸ਼ੂ ਬਾਰੇ, ਡਾਕੀਆ, ਦਿਵਾਲ਼ੀ, ਦਸਹਿਰਾ, ਕੋਈ ਰੁੱਤ (ਵਰਖਾ-ਰੁੱਤ) ਆਦਿ ।

ਅ) ਬਿਨੈ-ਪੱਤਰ, ਚਿੱਠੀਆਂ
ਛੁੱਟੀ ਲੈਣ ਲਈ, ਫ਼ੀਸ ਮਾਫ਼ ਕਰਵਾਉਣ ਲਈ, ਸਕੂਲ ਵਿਚਲੀਆਂ ਆਪਣੀਆਂ ਲੋੜਾਂ ਬਾਰੇ ਸਕੂਲ ਦੇ ਮੁੱਖ ਅਧਿਆਪਕ ਨੂੰ ਬਿਨੈ-ਪੱਤਰ।

ੲ) ਮਿੱਤਰ/ਸਹੇਲੀ ਅਤੇ ਨੇੜੇ ਦੇ ਸਾਕ-ਸੰਬੰਧੀਆਂ ਨੂੰ ਚਿੱਠੀਆਂ।
ਕੁੱਲ ਬਿਨੈ-ਪੱਤਰ ਅਤੇ ਚਿੱਠੀਆਂ: ਲਗ-ਪਗ ਦਸ। ਬਿਨੈ-ਪੱਤਰ ਅਤੇ ਚਿੱਠੀਆਂ ਲਿਖਵਾਉਣ ਦਾ ਅਭਿਆਸ ਕਰਵਾਇਆ ਜਾਵੇਗਾ।

**ਨਿਰਧਾਰਿਤ ਪਾਠ-ਪੁਸਤਕ-**

1. **ਪੰਜਾਬੀ ਪੁਸਤਕ-4 (ਪਹਿਲੀ ਭਾਸ਼ਾ)**
   **(ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)**